Punjabi - Number101b
March 2026

ਹਿਊਮਨ ਪੈਪੀਲੋਮਾਵਾਇਰਸ (HPV) ਵੈਕਸੀਨਾਂ

Human papillomavirus (HPV) vaccine

HPV ਵੈਕਸੀਨ ਕੀ ਹੈ?

HPV ਵੈਕਸੀਨ (ਗਾਰਡਾਸਿਲ®9) 9 ਕਿਸਮਾਂ ਦੇ ਹਿਊਮਨ ਪੈਪੀਲੋਮਾਵਾਇਰਸ (HPV), ਜੋ ਕਈ ਤਰ੍ਹਾਂ ਦੇ ਕੈਂਸਰ ਅਤੇ ਜਣਨ ਅੰਗਾਂ ਦੇ ਵਾਰਟਸ ਦਾ ਕਾਰਨ ਬਣ ਸਕਦੇ ਹਨ, ਤੋਂ ਹੋਣ ਵਾਲੀ ਲਾਗ ਤੋਂ ਬਚਾਉਂਦੀ ਹੈ। ਇਹ ਵੈਕਸੀਨ ਬੀ.ਸੀ. ਦੇ ਰੁਟੀਨ ਟੀਕਾਕਰਨ ਪ੍ਰੋਗਰਾਮ ਦੇ ਹਿੱਸੇ ਵਜੋਂ ਯੋਗ ਲੋਕਾਂ ਨੂੰ ਮੁਫ਼ਤ ਦਿੱਤੀ ਜਾਂਦੀ ਹੈ। ਵੈਕਸੀਨ ਹੈਲਥ ਕੈਨੇਡਾ ਦੁਆਰਾ ਮਾਨਤਾ ਪ੍ਰਾਪਤ ਹੈ।

HPV ਵੈਕਸੀਨ ਕਿਸ ਨੂੰ ਲਗਵਾਉਣੀ ਚਾਹੀਦੀ ਹੈ?

ਇਸ ਵੈਕਸੀਨ ਦੀ ਉਨ੍ਹਾਂ ਹੇਠ ਲਿਖੇ ਲੋਕਾਂ ਲਈ ਸਿਫ਼ਾਰਸ਼ ਕੀਤੀ ਜਾਂਦੀ ਹੈ ਅਤੇ ਮੁਫ਼ਤ ਹੈ:

- ਜੋ 9 ਤੋਂ 26 ਸਾਲ ਦੀ ਉਮਰ ਦੇ ਹਨ
- ਜੋ 27 ਤੋਂ 45 ਸਾਲ ਦੀ ਉਮਰ (ਸਮੇਤ) ਦੇ ਹਨ:
  - ਜੋ ਉਹ ਮਰਦ ਹਨ ਜਿਹੜੇ ਗੇ ਜਾਂ ਬਾਈਸੈਕਸੁਅਲ ਹੋਣ ਵਜੋਂ ਪਛਾਣ ਕਰਦੇ ਹਨ ਜਾਂ ਮਰਦਾਂ ਨਾਲ ਸੈਕਸ ਕਰਦੇ ਹਨ
  - ਜੋ ਟੂ-ਸਪਿਰਿਟ, ਟ੍ਰਾਂਸਜੈਂਡਰ ਅਤੇ/ਜਾਂ ਗੈਰ-ਬਾਈਨਰੀ ਹਨ
  - ਜੋ HIV ਨਾਲ ਜੀ ਰਹੇ ਹਨ
- ਜਿਨ੍ਹਾਂ ਦਾ 31 ਜੁਲਾਈ, 2025 ਨੂੰ ਜਾਂ ਉਸ ਤੋਂ ਬਾਅਦ ਕੋਲਪੋਸਕੋਪੀ (ਬੱਚੇਦਾਨੀ ਦੇ ਮੂੰਹ ਅਤੇ ਯੋਨੀ ਦੀ ਜਾਂਚ ਕਰਨ ਦੀ ਇੱਕ ਪ੍ਰਕਿਰਿਆ) ਤੋਂ ਬਾਅਦ ਬੱਚੇਦਾਨੀ ਦੇ ਮੂੰਹ ਵਿੱਚ ਅਸਧਾਰਨ ਤਬਦੀਲੀਆਂ ਲਈ ਇਲਾਜ ਕੀਤਾ ਗਿਆ ਸੀ।

> ਬੱਚੇਦਾਨੀ ਦੇ ਮੂੰਹ ਦੀ ਨਿਯਮਤ ਜਾਂਚ ਕਰਵਾਉਣਾ ਮਹੱਤਵਪੂਰਨ ਹੈ ਕਿਉਂਕਿ HPV ਵੈਕਸੀਨ, HPV ਦੀਆਂ ਜ਼ਿਆਦਾਤਰ ਕਿਸਮਾਂ, ਪਰ ਸਾਰੀਆਂ ਨਹੀਂ, ਤੋਂ ਬਚਾਉਂਦੀ ਹੈ ਜੋ ਸਰਵੀਕਲ ਕੈਂਸਰ ਦਾ ਕਾਰਨ ਬਣਦੀਆਂ ਹਨ।

ਸਕੂਲੀ ਉਮਰ ਦੇ ਬੱਚਿਆਂ ਨੂੰ ਨਿਯਮਤ ਤੌਰ 'ਤੇ ਗ੍ਰੇਡ 6 ਵਿੱਚ ਵੈਕਸੀਨ ਦੀ ਪੇਸ਼ਕਸ਼ ਕੀਤੀ ਜਾਂਦੀ ਹੈ, ਬਾਅਦ ਦੇ ਗ੍ਰੇਡਾਂ ਵਿੱਚ ਉਹਨਾਂ ਬੱਚਿਆਂ ਲਈ ਕੈਚਅੱਪਾਂ ਦੇ ਨਾਲ ਜੋ ਵੈਕਸੀਨ ਲੈਣ ਤੋਂ ਖੁੰਝ ਗਏ ਸਨ। ਇਹ ਵੈਕਸੀਨ ਕਈ ਕਮਿਊਨਿਟੀ-ਆਧਾਰਿਤ ਸੈਟਿੰਗਾਂ ਵਿੱਚ ਵੀ ਉਪਲਬਧ ਹੈ। ਟੀਕਾਕਰਨ ਕਰਵਾਉਣ ਲਈ ਆਪਣੀ ਸਥਾਨਕ ਫਾਰਮੇਸੀ ਜਾਂ ਪਬਲਿਕ ਹੈਲਥ ਯੂਨਿਟ ਨਾਲ ਸੰਪਰਕ ਕਰੋ। ਫਸਟ ਨੇਸ਼ਨਜ਼ ਕਮਿਊਨਿਟੀਆਂ ਵਿੱਚ ਰਹਿਣ ਵਾਲੇ ਲੋਕ ਅਪਾਇੰਟਮੈਂਟ ਬੁੱਕ ਕਰਨ ਲਈ ਆਪਣੇ ਕਮਿਊਨਿਟੀ ਹੈਲਥ ਸੈਂਟਰ ਜਾਂ ਨਰਸਿੰਗ ਸਟੇਸ਼ਨ ਨਾਲ ਸੰਪਰਕ ਕਰ ਸਕਦੇ ਹਨ।

ਜਿਹੜੇ ਲੋਕ ਮੁਫ਼ਤ HPV ਵੈਕਸੀਨ ਲਈ ਯੋਗ ਨਹੀਂ ਹਨ, ਉਹ ਇਸਨੂੰ ਜ਼ਿਆਦਾਤਰ ਫਾਰਮੇਸੀਆਂ ਅਤੇ ਟ੍ਰੈਵਲ ਕਲੀਨਿਕਾਂ ਤੋਂ ਖਰੀਦ ਸਕਦੇ ਹਨ।

ਵੈਕਸੀਨ ਕਿਵੇਂ ਦਿੱਤੀ ਜਾਂਦੀ ਹੈ?

ਇਹ ਵੈਕਸੀਨ ਉਮਰ ਅਤੇ ਹੋਰ ਕਾਰਕਾਂ ਦੇ ਆਧਾਰ 'ਤੇ ਇੱਕ ਖੁਰਾਕ ਜਾਂ ਖੁਰਾਕਾਂ ਦੀ ਇੱਕ ਲੜੀ ਦੇ ਰੂਪ ਵਿੱਚ ਦਿੱਤੀ ਜਾਂਦੀ ਹੈ। 9-20 ਸਾਲ ਦੀ ਉਮਰ ਦੇ ਲੋਕਾਂ ਨੂੰ ਵੈਕਸੀਨ ਦੀ ਇੱਕ ਖੁਰਾਕ ਲੈਣੀ ਚਾਹੀਦੀ ਹੈ। 21 ਸਾਲ ਅਤੇ ਉਸ ਤੋਂ ਵੱਧ ਉਮਰ ਦੇ ਲੋਕਾਂ ਨੂੰ 2 ਖੁਰਾਕਾਂ ਮਿਲਣੀਆਂ ਚਾਹੀਦੀਆਂ ਹਨ। 9 ਸਾਲ ਅਤੇ ਉਸ ਤੋਂ ਵੱਧ ਉਮਰ ਦੇ ਉਨ੍ਹਾਂ ਲੋਕਾਂ ਲਈ ਵੈਕਸੀਨ ਦੀਆਂ ਤਿੰਨ ਖੁਰਾਕਾਂ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ:

- ਜਿੰਨ੍ਹਾਂ ਦਾ ਇਮਿਊਨ ਸਿਸਟਮ ਕਮਜ਼ੋਰ ਹੈ
- ਜੋ HIV ਨਾਲ ਜੀ ਰਹੇ ਹਨ
- ਜਿੰਨ੍ਹਾਂ ਦਾ ਕੋਲਪੋਸਕੋਪੀ ਤੋਂ ਬਾਅਦ ਬੱਚੇਦਾਨੀ ਦੇ ਮੂੰਹ ਵਿੱਚ ਅਸਧਾਰਨ ਤਬਦੀਲੀਆਂ ਲਈ ਇਲਾਜ ਕੀਤਾ ਗਿਆ ਸੀ

ਜਿਨਸੀ ਤੌਰ 'ਤੇ ਸਰਗਰਮ ਹੋਣ ਅਤੇ HPV ਦੇ ਸੰਪਰਕ ਵਿੱਚ ਆਉਣ ਤੋਂ ਪਹਿਲਾਂ ਟੀਕਾਕਰਨ ਕਰਵਾਉਣਾ ਸਭ ਤੋਂ ਵਧੀਆ ਹੈ ਕਿਉਂਕਿ ਵੈਕਸੀਨ ਲਾਗ ਨੂੰ ਰੋਕਦੀ ਹੈ ਪਰ ਉਸਨੂੰ ਠੀਕ ਨਹੀਂ ਕਰਦੀ।

ਵੈਕਸੀਨ ਦੇ ਕੀ ਲਾਭ ਹਨ?

ਇਹ ਵੈਕਸੀਨ 9 ਕਿਸਮਾਂ ਦੇ HPV ਤੋਂ ਲਾਗ ਨੂੰ ਰੋਕਣ ਲਈ ਬਹੁਤ ਪ੍ਰਭਾਵਸ਼ਾਲੀ ਹੈ। ਇਹ ਵੈਕਸੀਨ 7 ਕਿਸਮਾਂ ਦੇ HPV ਤੋਂ ਬਚਾਉਂਦੀ ਹੈ ਜੋ ਗੁਦੇ, ਬੱਚੇਦਾਨੀ ਦੇ ਮੂੰਹ, ਮੂੰਹ ਅਤੇ ਗਲੇ, ਲਿੰਗ, ਯੋਨੀ ਅਤੇ ਵਲਵਾ ਦੇ ਕੈਂਸਰ ਦਾ ਕਾਰਨ ਬਣ ਸਕਦੇ ਹਨ। ਇਹ ਵੈਕਸੀਨ ਦੋ ਕਿਸਮਾਂ ਦੇ ਉਨ੍ਹਾਂ HPV ਤੋਂ ਵੀ ਬਚਾਉਂਦੀ ਹੈ ਜੋ ਜਣਨ ਅੰਗਾਂ ਦੇ ਵਾਰਟਸ ਦਾ ਕਾਰਨ ਬਣਦੇ ਹਨ।

ਵੈਕਸੀਨ ਦੀਆਂ ਸੰਭਾਵੀ ਪ੍ਰਤੀਕਿਰਿਆਵਾਂ ਕੀ ਹਨ?

ਆਮ ਪ੍ਰਤੀਕ੍ਰਿਆਵਾਂ ਵਿੱਚ ਵੈਕਸੀਨ ਲਗਾਏ ਜਾਣ ਵਾਲੀ ਥਾਂ 'ਤੇ ਦਰਦ, ਲਾਲੀ ਅਤੇ ਸੋਜ ਸ਼ਾਮਲ ਹੋ ਸਕਦੀ ਹੈ। ਸਿਰ ਦਰਦ, ਬੁਖਾਰ, ਮਤਲੀ, ਚੱਕਰ ਆਉਣੇ,

ਥਕਾਵਟ, ਦਸਤ ਅਤੇ ਮਾਸਪੇਸ਼ੀਆਂ ਵਿੱਚ ਵੀ ਦਰਦ ਹੋ ਸਕਦਾ ਹੈ।

> ਬੁਖ਼ਾਰ ਜਾਂ ਦਰਦ ਲਈ ਐਸੀਟਾਮਿਨੋਫ਼ਿਨ (ਜਿਵੇਂ ਕਿ ਟਾਇਲੇਨੋਲ®) ਜਾਂ ਆਈਬਿਊਪਰੋਫ਼ੈਨ (ਜਿਵੇਂ ਕਿ ਐਡਵਿਲ®) ਦਿੱਤੀ ਜਾ ਸਕਦੀ ਹੈ। ਰੇਏ ਸਿੰਨਡਰੋਮ ਦੇ ਖਤਰੇ ਕਰਕੇ 18 ਸਾਲਾਂ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਨੂੰ ਏਐਸਏ (ASA) (ਉਦਹਾਰਣ ਲਈ ਐਸਪਰੀਨ (Aspirin®)) ਨਹੀਂ ਦਿੱਤੀ ਜਾਣੀ ਚਾਹੀਦੀ।

ਰੇਏ ਸਿੰਨਡਰੋਮ ਬਾਰੇ ਹੋਰ ਜਾਣਕਾਰੀ ਲਈ, HealthLinkBC File #84 ਰੇਏ ਸਿੰਨਡਰੋਮ 'ਤੇ ਜਾਓ।

ਕੋਈ ਵੀ ਵੈਕਸੀਨ ਲਗਵਾਉਣ ਤੋਂ ਬਾਅਦ 15 ਮਿੰਟ ਤੱਕ ਕਲੀਨਿਕ ਵਿੱਚ ਰਹਿਣਾ ਮਹੱਤਵਪੂਰਨ ਹੈ। ਐਨਾਫਲਾਕਸਿਸ ਨਾਮ ਦੀ ਜੀਵਨ ਨੂੰ ਖਤਰੇ ਵਿੱਚ ਪਾਉਣ ਵਾਲੀ ਅਲਰਜਿਕ ਪ੍ਰਤੀਕ੍ਰਿਆ ਦੀ ਅਤਿ ਵਿਰਲੀ ਸੰਭਾਵਨਾ ਹੈ। ਅਜਿਹਾ ਵੈਕਸੀਨ ਪ੍ਰਾਪਤ ਕਰਨ ਵਾਲੇ ਇੱਕ ਮਿਲੀਅਨ ਵਿੱਚੋਂ ਇੱਕ ਤੋਂ ਵੀ ਘੱਟ ਲੋਕਾਂ ਵਿੱਚ ਹੁੰਦਾ ਹੈ। ਲੱਛਣਾਂ ਵਿੱਚ ਛਪਾਕੀ, ਸਾਹ ਲੈਣ ਵਿੱਚ ਤਕਲੀਫ, ਜਾਂ ਗਲੇ, ਜੀਭ ਜਾਂ ਬੁਲਾਂ ਦੀ ਸੋਜ ਸ਼ਾਮਲ ਹੋ ਸਕਦੇ ਹਨ। ਜੇਕਰ ਇਹ ਪ੍ਰਤੀਕਿਰਿਆ ਹੁੰਦੀ ਹੈ, ਤਾਂ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਉਸਦਾ ਇਲਾਜ ਕਰਨ ਲਈ ਤਿਆਰ ਹੈ। ਐਮਰਜੈਂਸੀ ਇਲਾਜ ਵਿੱਚ ਏਪੀਨੇਫ੍ਰਿਨ (ਐਡਰੇਨਲਿਨ) ਦਿੱਤੇ ਜਾਣਾ ਅਤੇ ਐਂਬੂਲੈਂਸ ਦੁਆਰਾ ਨਜ਼ਦੀਕੀ ਐਮਰਜੈਂਸੀ ਵਿਭਾਗ ਵਿੱਚ ਟ੍ਰਾਂਸਫਰ ਕਰਨਾ ਸ਼ਾਮਲ ਹੈ। ਜੇਕਰ ਤੁਹਾਡੇ ਕਲੀਨਿਕ ਤੋਂ ਜਾਣ ਤੋਂ ਬਾਅਦ ਲੱਛਣ ਪੈਦਾ ਹੁੰਦੇ ਹਨ, ਤਾਂ **9-1-1** 'ਤੇ ਜਾਂ ਸਥਾਨਕ ਐਮਰਜੈਂਸੀ ਨੰਬਰ 'ਤੇ ਕਾਲ ਕਰੋ।

ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਹਮੇਸ਼ਾ ਗੰਭੀਰ ਜਾਂ ਅਚਾਨਕ ਹੋਣ ਵਾਲੀਆਂ ਪ੍ਰਤੀਕਿਰਿਆਵਾਂ ਦੀ ਰਿਪੋਰਟ ਕਰੋ।

ਕਿਸਨੂੰ HPV ਵੈਕਸੀਨ ਨਹੀਂ ਲਗਵਾਉਣੀ ਚਾਹੀਦੀ?

ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ ਜੇਕਰ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ HPV ਵੈਕਸੀਨ ਦੀ ਪਿਛਲੀ ਖੁਰਾਕ ਜਾਂ ਯੀਸਟ ਸਮੇਤ, ਵੈਕਸੀਨ ਦੇ ਕਿਸੇ ਵੀ ਹਿੱਸੇ ਲਈ ਜਾਨਲੇਵਾ ਪ੍ਰਤੀਕਿਰਿਆ ਹੋਈ ਹੈ।

ਜ਼ੁਕਾਮ ਜਾਂ ਹੋਰ ਹਲਕੀ ਬਿਮਾਰੀ ਦੇ ਕਾਰਨ ਟੀਕਾਕਰਨ ਕਰਵਾਉਣ ਵਿੱਚ ਦੇਰੀ ਕਰਨ ਦੀ ਕੋਈ ਲੋੜ ਨਹੀਂ ਹੈ। ਪਰ, ਜੇ ਤੁਹਾਨੂੰ ਕੋਈ ਚਿੰਤਾਵਾਂ ਹਨ, ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।

HPV ਕੀ ਹੈ?

HPV ਸਭ ਤੋਂ ਆਮ ਜਿਨਸੀ ਤੌਰ 'ਤੇ ਸੰਚਾਰਿਤ ਲਾਗਾਂ (STIs) ਵਿੱਚੋਂ ਇੱਕ ਹੈ। ਜਿਨਸੀ ਤੌਰ 'ਤੇ ਸਰਗਰਮ 4 ਲੋਕਾਂ ਵਿੱਚੋਂ 3 ਲੋਕ, ਜਿਨ੍ਹਾਂ ਦਾ ਟੀਕਾਕਰਨ ਨਹੀਂ ਹੋਇਆ ਹੈ, ਨੂੰ ਕਦੇ ਨਾ ਕਦੇ HPV ਹੋ ਜਾਵੇਗਾ। ਕੋਈ ਵੀ ਵਿਅਕਤੀ ਜਿਸਦਾ ਕਿਸੇ ਵੀ ਤਰ੍ਹਾਂ ਦਾ ਮੂੰਹ, ਜਣਨ ਅੰਗ ਜਾਂ ਗੁਦਾ ਨਾਲ ਜਿਨਸੀ ਸੰਪਰਕ ਹੁੰਦਾ ਹੈ, ਉਸਨੂੰ HPV ਹੋ ਸਕਦਾ ਹੈ। ਸੰਕਰਮਿਤ ਹੋਣ ਲਈ ਜਿਨਸੀ ਸੰਬੰਧ ਜ਼ਰੂਰੀ ਨਹੀਂ ਹਨ। ਤੁਹਾਡੇ ਜਿੰਨੇ ਜ਼ਿਆਦਾ ਜਿਨਸੀ ਸਾਥੀ ਹੋਣਗੇ, ਤੁਹਾਨੂੰ HPV ਨਾਲ ਸੰਕਰਮਿਤ ਹੋਣ ਦਾ ਖ਼ਤਰਾ ਓਨਾ ਹੀ ਜ਼ਿਆਦਾ ਹੋਵੇਗਾ। ਮਰਦਾਂ ਨਾਲ ਸੰਭੋਗ ਕਰਨ ਵਾਲੇ ਮਰਦਾਂ ਨੂੰ ਵੀ HPV ਲਾਗ ਦਾ ਖ਼ਤਰਾ ਵਧੇਰੇ ਹੁੰਦਾ ਹੈ।

HPV ਬਾਰੇ ਹੋਰ ਜਾਣਕਾਰੀ ਲਈ ਹੈਲਥਲਿੰਕਬੀਸੀ ਫਾਈਲ #101a ਹਿਊਮਨ ਪੈਪੀਲੋਮਾਵਾਇਰਸ (HPV) ਦੀ ਲਾਗ ਅਤੇ ਜਣਨ ਅੰਗਾਂ ਦੇ ਵਾਰਟਸ 'ਤੇ ਜਾਓ।

ਜਦੋਂ ਤੁਸੀਂ HPV ਨਾਲ ਸੰਕਰਮਿਤ ਹੁੰਦੇ ਹੋ ਤਾਂ ਕੀ ਹੁੰਦਾ ਹੈ?

HPV ਨਾਲ ਸੰਕਰਮਿਤ ਜ਼ਿਆਦਾਤਰ ਲੋਕ ਕੋਈ ਸੰਕੇਤ ਜਾਂ ਲੱਛਣ ਨਹੀਂ ਦਿਖਾਉਂਦੇ ਅਤੇ ਬਿਨਾਂ ਜਾਣੇ ਦੂਜਿਆਂ ਨੂੰ ਵਾਇਰਸ ਦੇ ਸਕਦੇ ਹਨ। ਅਕਸਰ HPV ਲਾਗ ਆਪਣੇ ਆਪ ਠੀਕ ਹੋ ਜਾਂਦੀ ਹੈ। ਕੁਝ ਲੋਕਾਂ ਲਈ, HPV ਦੂਰ ਨਹੀਂ ਹੋਵੇਗਾ ਅਤੇ ਵਾਇਰਸ ਨਾਲ ਸੰਕਰਮਿਤ ਸੈੱਲ ਸਮੇਂ ਦੇ ਨਾਲ ਕੈਂਸਰ ਤੋਂ ਪਹਿਲਾਂ ਦੇ ਜਾਂ ਕੈਂਸਰ ਦੇ ਸੈੱਲ ਬਣ ਸਕਦੇ ਹਨ।

ਹਰ ਸਾਲ ਬੀ.ਸੀ. ਵਿੱਚ ਲਗਭਗ:

- 230 ਲੋਕਾਂ ਨੂੰ ਸਰਵੀਕਲ ਕੈਂਸਰ ਹੋਵੇਗਾ ਅਤੇ 55 ਲੋਕਾਂ ਦੀ ਮੌਤ ਇਸ ਬਿਮਾਰੀ ਨਾਲ ਹੋਵੇਗੀ
- 6,000 ਲੋਕਾਂ ਨੂੰ ਬੱਚੇਦਾਨੀ ਦੇ ਮੂੰਹ ਵਿੱਚ ਉੱਚ ਜੋਖਮ ਵਾਲੇ ਬਦਲਾਅ ਹੋਣਗੇ ਜੋ ਕਿ ਕੈਂਸਰ ਤੋਂ ਪਹਿਲਾਂ ਦੇ ਸੈੱਲ ਹੁੰਦੇ ਹਨ
- 140 ਲੋਕਾਂ ਨੂੰ ਗੁਦੇ ਦਾ ਕੈਂਸਰ ਹੋਵੇਗਾ ਅਤੇ 25 ਇਸ ਬਿਮਾਰੀ ਨਾਲ ਮਰ ਜਾਣਗੇ
- 5,500 ਲੋਕਾਂ ਵਿੱਚ ਜਣਨ ਅੰਗਾਂ ਦੇ ਵਾਰਟਸ ਵਿਕਸਤ ਹੋਣਗੇ

ਸਿਆਣੇ ਨਾਬਾਲਗਾਂ ਦੀ ਸਹਿਮਤੀ

ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਮਾਤਾ-ਪਿਤਾ ਜਾਂ ਸਰਪ੍ਰਸਤ ਅਤੇ ਉਨ੍ਹਾਂ ਦੇ ਬੱਚੇ ਟੀਕਾਕਰਨ (ਇਮਿਊਨਾਈਜ਼ੇਸ਼ਨ) ਲਈ ਸਹਿਮਤੀਬਾਰੇ ਚਰਚਾ ਕਰਨ। 19 ਸਾਲ ਤੋਂ ਘੱਟ ਉਮਰ ਦੇ ਬੱਚੇ, ਜੋ ਹਰੇਕ ਟੀਕੇ ਦੇ ਲਾਭਾਂ ਅਤੇ ਸੰਭਾਵਿਤ ਪ੍ਰਤੀਕ੍ਰਿਆਵਾਂ ਅਤੇ ਟੀਕਾਕਰਨ ਨਾ ਹੋਣ ਦੇ ਜੋਖਮ ਨੂੰ ਸਮਝ ਸਕਦੇ ਹਨ, ਕਾਨੂੰਨੀ ਤੌਰ 'ਤੇ ਟੀਕਾਕਰਨ ਲਈ ਸਹਿਮਤੀ ਦੇ ਸਕਦੇ ਹਨ ਜਾਂ ਇਨਕਾਰ ਕਰ ਸਕਦੇ ਹਨ। ਸਿਆਣੇ ਨਾਬਾਲਗਾਂ ਦੀ ਸਹਿਮਤੀ ਬਾਰੇ ਹੋਰ ਜਾਣਕਾਰੀ ਵਾਸਤੇ HealthLinkBC File #119 ਦ ਇੰਨਫੈਂਟਸ ਐਕਟ, ਸਿਆਣੇ ਨਾਬਾਲਗਾਂ ਦੀ ਸਹਿਮਤੀ ਅਤੇ ਇਮਿਊਨਾਈਜ਼ੇਸ਼ਨ 'ਤੇ ਜਾਓ।

ਹੋਰ ਜਾਣਕਾਰੀ ਲਈ

- ਟੀਕਾਕਰਨ

BC Centre for Disease Control
Provincial Health Services Authority